# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਤਰਕਸ਼ੀਲ ਸੁਸਾਇਟੀ ਦੀ ਸੂਬਾਈ ਸਾਲਾਨਾ ਇੱਕਤਰਤਾ

### ਪੰਜਾਬ 'ਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਵਾਉਣ ਲਈ ਜਨਤਕ ਮੁਹਿੰਮ ਚਲਾਉਣ ਦਾ ਫੈਸਲਾ

### ਮਰਦਮਸ਼ੁਮਾਰੀ ਦੇ ਫਾਰਮ ਵਿੱਚ ਗ਼ੈਰ ਧਾਰਮਿਕ ਲੋਕਾਂ ਲਈ 'ਕੋਈ ਧਰਮ ਨਹੀਂ' ਕਾਲਮ ਸ਼ਾਮਿਲ ਕਰਨ ਦੀ ਮੰਗ

ਵਰਲਡ ਪੰਜਾਬੀ ਟਾਈਮਜ਼
ਸੁਮੀਤ ਅੰਮ੍ਰਿਤਸਰ




ਸੰਗਰੂਰ 28 ਅਪ੍ਰੈਲ: ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾਈ ਸਾਲਾਨਾ ਇੱਕਤਰਤਾ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ ਜਿਸ ਵਿੱਚ ਸੂਬਾ ਕਮੇਟੀ ਮੁਖੀਆਂ ਅਤੇ ਪੰਜਾਬ ਦੇ ਵੱਖ ਜੋਨਾਂ ਅਤੇ ਇਕਾਈਆਂ ਦੇ 120 ਆਗੂਆਂ ਅਤੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਵਾਉਣ ਲਈ ਜਨਤਕ ਮੁਹਿੰਮ ਚਲਾਉਣ, ਤਰਕਸ਼ੀਲ ਲਹਿਰ ਨੂੰ ਜੱਥੇਬੰਦਕ ਪੱਧਰ ਤੇ ਹੋਰ ਮਜ਼ਬੂਤ ਕਰਨ ਅਤੇ ਤਰਕਸ਼ੀਲ ਸਾਹਿਤ ਨੂੰ ਵੱਡੇ ਪੱਧਰ ਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਤਕ ਪਹੁੰਚਾਉਣ ਸਬੰਧੀ ਫੈਸਲੇ ਕੀਤੇ ਗਏ। ਇਸ ਮੌਕੇ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਮਰਦਮਸ਼ੁਮਾਰੀ ਦੇ ਫਾਰਮ ਵਿੱਚ ਗ਼ੈਰ ਧਾਰਮਿਕ ਲੋਕਾਂ ਲਈ ' ਕੋਈ ਧਰਮ ਨਹੀਂ' ਕਾਲਮ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ।



ਇਕੱਤਰਤਾ ਦੇ ਪਹਿਲੇ ਸੈਸ਼ਨ ਵਿੱਚ ਸੁਸਾਇਟੀ ਦੇ ਵੱਖ ਵੱਖ ਵਿਭਾਗਾਂ ਦੇ ਸੂਬਾਈ ਮੁਖੀਆਂ ਵੱਲੋਂ ਪਿਛਲੇ ਇੱਕ ਸਾਲ ਦੀ ਕਾਰਗੁਜ਼ਾਰੀ ਦੀਆਂ ਰਿਪੋਰਟਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਉਤੇ ਬਹਿਸ ਕਰਦੇ ਹੋਏ ਤਰਕਸ਼ੀਲ ਆਗੂਆਂ ਨੇ ਜੱਥੇਬੰਦਕ ਮਜ਼ਬੂਤੀ ਲਈ ਜਿੱਥੇ ਜੋਨ ਅਤੇ ਇਕਾਈਆਂ ਦੀਆਂ ਨਿਯਮਤ ਮੀਟਿੰਗਾਂ ਤੇ ਸਿੱਖਲਾਈ ਵਰਕਸ਼ਾਪਾਂ ਕਰਨ ਅਤੇ ਸੂਬਾਈ ਕਾਰਜ ਵਿਉਂਤਬੰਦੀ ਨੂੰ ਸਮੇਂ ਸਿਰ ਲਾਗੂ ਕਰਨ ਉਤੇ ਜ਼ੋਰ ਦਿੱਤਾ ਉੱਥੇ ਹੀ ਨੌਜਵਾਨਾਂ, ਵਿਦਿਆਰਥੀਆਂ, ਔਰਤਾਂ ਅਤੇ ਅਧਿਆਪਕਾਂ ਨੂੰ ਤਰਕਸ਼ੀਲ ਸੁਸਾਇਟੀ ਨਾਲ ਜੋੜਨ ਦੀ ਵਿਸ਼ੇਸ਼ ਮੁਹਿੰਮ ਚਲਾਉਣ ਦਾ ਕਾਰਜ ਵੀ ਉਲੀਕਿਆ ਗਿਆ। ਇਸ ਤੋਂ ਪਹਿਲਾਂ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਹਾਜ਼ਰ ਆਗੂਆਂ ਅਤੇ ਮੈਂਬਰਾਂ ਨੂੰ ਜੀ ਆਇਆਂ ਕਿਹਾ।

ਦੂਜੇ ਸੈਸ਼ਨ ਦੌਰਾਨ ਆਗੂਆਂ ਨੇ ਕਿਹਾ ਕਿ ਲੋਕਾਂ ਵਿੱਚ ਤਰਕਸ਼ੀਲ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਤਰਕਸ਼ੀਲ ਸਾਹਿਤ ਵੈਨ ਨੂੰ ਸਕੂਲਾਂ,ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਲਿਜਾਣ ਦੇ ਇਲਾਵਾ ਪੰਜਾਬ ਵਿੱਚ ਲਗਦੇ ਪੁਸਤਕ ਮੇਲਿਆਂ ਵਿੱਚ ਸ਼ਮੂਲੀਅਤ ਕਰਨ ਦੀ ਵੀ ਵੱਡੀ ਲੋੜ ਹੈ। ਤਰਕਸ਼ੀਲ ਮੈਗਜ਼ੀਨ ਨੂੰ ਹਰ ਪਿੰਡ,ਕਸਬੇ, ਲਾਇਬ੍ਰੇਰੀ,ਦਫਤਰ ਅਤੇ ਕਾਰਖਾਨਿਆਂ ਤਕ ਪਹੁੰਚਾਉਣ ਲਈ ਵਿਸ਼ੇਸ਼ ਯਤਨ ਜੁਟਾਉਣੇ ਚਾਹੀਦੇ ਹਨ। ਆਗੂਆਂ ਵੱਲੋਂ ਅਗਲੇ ਸਾਲ ਤੋਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦਾ ਪੈਟਰਨ ਬਦਲਣ ਸਬੰਧੀ ਵੀ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਗੱਲ ਉੱਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਕਿ ਤਰਕਸ਼ੀਲ ਸੁਸਾਇਟੀ ਨੇ ਮਰਨ ਉਪਰੰਤ ਸਰੀਰ ਦਾਨ, ਅੱਖਾਂ ਦਾਨ ਅਤੇ ਅੰਗ ਦਾਨ ਕਰਨ ਦੀ ਮੁਹਿੰਮ ਦੇ ਨਾਲ ਨਾਲ ਸਮਾਜ ਵਿੱਚ ਪਾਖੰਡੀ ਬਾਬਿਆਂ ਵੱਲੋਂ ਕੀਤੀ ਜਾਂਦੀ ਲੁੱਟ, ਫਜ਼ੂਲਖਰਚੀ ਦੇ ਰੂੜੀਵਾਦੀ ਰਸਮਾਂ ਰਿਵਾਜਾਂ ਅਤੇ ਦਾਜ ਦਹੇਜ, ਨਸ਼ਿਆਂ ਦੀਆਂ ਸਮਾਜਿਕ ਬੁਰਾਈਆਂ ਵਿਰੁੱਧ ਵੱਖ ਵੱਖ ਵਰਗਾਂ ਦੇ ਲੋਕਾਂ ਵਿੱਚ ਵਿਗਿਆਨਕ ਸੋਚ ਫੈਲਾਉਣ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ।

ਇਸ ਵਿਚਾਰ ਚਰਚਾ ਵਿੱਚ ਤਰਕਸ਼ੀਲ ਆਗੂਆਂ ਮਾਸਟਰ ਪਰਮਵੇਦ ਸੰਗਰੂਰ, ਸੁਰਜੀਤ ਟਿੱਬਾ, ਅਜੀਤ ਪ੍ਰਦੇਸੀ, ਜਸਵਿੰਦਰ ਫਗਵਾੜਾ, ਹੇਮ ਰਾਜ ਸਟੈਨੋਂ, ਸੁਖਦੇਵ ਫਗਵਾੜਾ,ਜਸਵੰਤ ਜੀਰਖ, ਸੁਖਵਿੰਦਰ ਬਾਗਪੁਰ,ਰਾਜਪਾਲ ਬਠਿੰਡਾ, ਜਸਵੰਤ ਮੋਹਾਲੀ, ਰਾਜੇਸ਼ ਅਕਲੀਆ,ਰਾਮ ਸਵਰਨ ਲੱਖੇਵਾਲੀ,ਸੁਮੀਤ ਅੰਮ੍ਰਿਤਸਰ, ਜਗਦੀਸ਼ ਰਾਏਪੁਰ ਡੱਬਾ ,ਜੋਗਿੰਦਰ ਕੁੱਲੇਵਾਲ ,ਬਲਰਾਜ ਮੌੜ,ਗੁਰਪ੍ਰੀਤ ਸ਼ਹਿਣਾ, ਜੁਝਾਰ ਲੌਂਗੋਵਾਲ, ਕੁਲਜੀਤ ਫਾਜ਼ਿਲਕਾ,ਪਰਵੀਨ ਜੰਡਵਾਲਾ,ਕੁਲਵੰਤ ਕੌਰ, ਅੰਮ੍ਰਿਤ ਰਿਸ਼ੀ, ਪ੍ਰਿੰ.ਮੇਲਾ ਰਾਮ, ਹਰਚੰਦ ਭਿੰਡਰ,ਧਰਮ ਪਾਲ ਲੁਧਿਆਣਾ, ਗੁਰਮੀਤ ਖਰੜ,ਸਤਪਾਲ ਸਲੋਹ, ਪਰਮਜੀਤ ਜਲੰਧਰ,ਕੈਪਟਨ ਮਾਨਾਂਵਾਲਾ, ਗਿਆਨ ਸਿੰਘ, ਪ੍ਰਿੰ. ਜੋਗਾ ਸਿੰਘ,ਪ੍ਰਿੰ. ਮਨਜੀਤ ਸਿੰਘ, ਜਸਵੀਰ ਸੋਨੀ, ਜਿੰਦਰ ਬਾਗਪੁਰ, ਪਾਲ ਬਾਗਪੁਰ, ਵਿਸ਼ਵ ਕਾਂਤ, ਅਸ਼ੋਕ ਰੋਪੜ, ਰਾਮ ਕੁਮਾਰ ਪਟਿਆਲਾ,ਗਗਨ ਰਾਮਪੁਰਾ ਸੁਰਿੰਦਰ ਪਾਲ ਫਗਵਾੜਾ, ਪੂਰਨ ਸਿੰਘ ਆਦਿ ਨੇ ਹਿੱਸਾ ਲਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵਿੰਦਰ ਨਗਾਰੀ,ਸੀਤਾ ਰਾਮ ਬਾਲਦ ਕਲਾਂ,ਸ਼ਮਸ਼ੇਰ ਨੂਰਪੁਰ,ਹਰਦੀਪ ਖਿਲਚੀਆਂ,ਦਮਨਜੀਤ ਕੌਰ, ਪਰਮਜੀਤ ਕੌਰ ਜੋਧਪੁਰ, ਬਲਜਿੰਦਰ ਸ਼ਾਹਬਾਜ਼ਪੁਰ, ਸੁਰੇਸ਼ ਪਠਾਣੀਆਂ,ਮਾਸਟਰ ਸੁਰਜੀਤ ਮੁਹਾਲੀ,ਸ਼ੈਲੇਂਦਰ ਮੁਹਾਲੀ ,ਸੁਰਿੰਦਰ ਮਲੂਕਪੁਰੀ,ਸੁਖਵਿੰਦਰ ਗੋਗਾ ਆਦਿ ਸ਼ਾਮਿਲ ਸਨ।

## ਬੈਡਮਿੰਟਨ ਖਿਡਾਰੀ ਨੂੰ ਡੀ ਸੀ ਨੇ ਮੈਡਲ ਦੇ ਕੇ ਕੀਤਾ ਸਨਮਾਨਤ

### ਡਿਪਟੀ ਕਮਿਸ਼ਨਰ ਵੱਲੋਂ ਖਿਡਾਰੀਆਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ

### ਮਾਪਿਆਂ ਦੀ ਮਿਹਨਤ ਨਾਲ ਖਿਡਾਰੀ ਬਣਦੈ ਕਾਮਯਾਬ – ਹਿਮਾਂਸ਼ੂ ਅਗਰਵਾਲ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 28 ਅਪ੍ਰੈਲ:ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਦੀ ਲੜੀ ਹੇਠ ਨਾਭਾ ਦੇ ਰਹਿਣ ਵਾਲੇ ਬੈਡਮਿੰਟਨ ਖਿਡਾਰੀ ਜਗਸ਼ੇਰ ਸਿੰਘ ਖੰਗੂੜਾ ਨੂੰ ਅੱਜ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਅਗਰਵਾਲ ਨੇ ਜਗਸ਼ੇਰ ਸਿੰਘ ਖੰਗੂੜਾ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਅਤੇ ਉਸਦੀ ਖੇਡ ਪ੍ਰਾਪਤੀਆਂ ਦੀ ਭਰਪੂਰ ਸਰਾਹਨਾ ਕੀਤੀ। ਇਸ ਮੌਕੇ ਉਨ੍ਹਾਂ ਦੇ ਕੋਚ ਸੁਰੇਸ਼ ਕੁਮਾਰ ਦੀ ਵੀ ਖਾਸ ਤੌਰ 'ਤੇ ਸ਼ਲਾਘਾ ਕੀਤੀ , ਜਿਨ੍ਹਾਂ ਨੇ ਪਿਛਲੇ 7 ਸਾਲਾਂ ਤੋਂ ਜਗਸ਼ੇਰ ਸਿੰਘ ਖੰਗੂੜਾ ਨੂੰ ਸਿਖਲਾਈ ਦੇ ਕੇ ਇਸ ਮੁਕਾਮ ਤੱਕ ਪਹੁੰਚਾਇਆ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਗਸ਼ੇਰ ਸਿੰਘ ਖੰਗੂੜਾ ਵਰਗੇ ਖਿਡਾਰੀ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਿਡਾਰੀਆਂ ਨੂੰ ਹਰ ਸੰਭਵ ਮਦਦ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਉਹ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਉਨ੍ਹਾਂ ਨੇ ਜਗਸ਼ੇਰ ਸਿੰਘ ਖੰਗੂੜਾ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਉਸਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਬੈਡਮਿੰਟਨ ਕੋਚ ਸੁਰੇਸ਼ ਕੁਮਾਰ ਨੇ ਦਸਿਆ ਕਿ ਜਗਸ਼ੇਰ ਸਿੰਘ ਖੰਗੂੜਾ, ਜੋ ਕਿ ਸ੍ਰੀ ਮਨਪ੍ਰੀਤ ਸਿੰਘ ( ਪਿਤਾ) ਅਤੇ ਰਸ਼ਪਾਲ ਕੌਰ ( ਮਾਤਾ) ਦੇ ਪੁੱਤਰ ਹਨ, ਨੇ ਬੈਡਮਿੰਟਨ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 3 ਅੰਤਰਰਾਸ਼ਟਰੀ ਸਿਲਵਰ ਮੈਡਲ, 8 ਬਰਾਂਜ਼ ਮੈਡਲ ਅਤੇ 11 ਗੋਲਡ ਮੈਡਲ ਜਿੱਤੇ ਹਨ। ਇਸਦੇ ਨਾਲ ਹੀ ਉਸਨੇ 5 ਵਾਰ ਕਵਾਰਟਰ ਫਾਈਨਲ ਤੱਕ ਪਹੁੰਚ ਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ। ਉਸਦੀ ਇਹ ਉਪਲਬਧੀ ਨਾ ਸਿਰਫ਼ ਉਸਦੇ ਪਰਿਵਾਰ ਲਈ, ਸਗੋਂ ਪੂਰੇ ਇਲਾਕੇ ਲਈ ਮਾਣ ਦੀ ਗੱਲ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜਗਸ਼ੇਰ ਸਿੰਘ ਖੰਗੂੜਾ ਦੇ ਮਾਤਾ-ਪਿਤਾ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਬੱਚਿਆਂ ਦੀ ਕਾਮਯਾਬੀ ਵਿੱਚ ਮਾਪਿਆਂ ਦਾ ਯੋਗਦਾਨ ਬੇਹੱਦ ਮਹੱਤਵਪੂਰਨ ਹੁੰਦਾ ਹੈ।

## ਡਾ. ਬਲਬੀਰ ਸਿੰਘ ਨੇ 28 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਰੱਖਿਆ ਨੀਂਹ ਪੱਥਰ

### ਪਟਿਆਲਾ ਵਾਸੀਆਂ ਦੀ ਸੁਰੱਖਿਆ ਲਈ ਨਦੀ ਪ੍ਰਬੰਧਨ ਤੇ ਜ਼ੋਰ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 28 ਅਪ੍ਰੈਲ:ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੇ ਮਿਸ਼ਨ ਵਿਕਾਸ ਤਹਿਤ, ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦਿਹਾਤੀ ਦੇ ਬਾਬਾ ਦੀਪ ਸਿੰਘ ਨਗਰ ਅਤੇ ਗੁਰੂ ਨਾਨਕ ਨਗਰ ਵਿਖੇ (ਵੱਡੀ ਨਦੀ ਦੇ ਪੁੱਲ ਦੇ ਨਾਲ) ਕਰੀਬ 28 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ । ਇਸ ਮੌਕੇ ਉਨ੍ਹਾਂ ਦੇ ਨਾਲ ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਨਗਰ ਨਿਗਮ ਦੇ ਕਮਿਸ਼ਨਰ ਪਰਮਜੀਤ ਸਿੰਘ ਵੀ ਮੌਜੂਦ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕੇ ਵਿੱਚ ਟ੍ਰੈਫਿਕ ਦੀ ਸਮੱਸਿਆ ਦਾ ਸੁਚੱਜਾ ਹੱਲ ਨਿਕਲੇਗਾ ਅਤੇ ਆਵਾਜਾਈ ਸੁਗਮ ਹੋਵੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।


ਇਸਦੇ ਨਾਲ ਹੀ ਸਿਹਤ ਮੰਤਰੀ ਨੇ ਨਦੀ ਦੇ ਚੱਲ ਰਹੇ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਦੀ ਦੀ ਸਫਾਈ ਅਤੇ ਮਜ਼ਬੂਤੀ ਦੇ ਕੰਮ ਸਮੇਂ ਸਿਰ ਪੂਰੇ ਕੀਤੇ ਜਾਣ, ਤਾਂ ਜੋ ਹੜ੍ਹਾਂ ਦੇ ਖਤਰੇ ਤੋਂ ਪਟਿਆਲਾ ਵਾਸੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਨਦੀ ਦੀ ਸਫਾਈ ਨਾਲ ਇਲਾਕੇ ਵਿੱਚ ਸਫਾਈ ਪ੍ਰਬੰਧ ਵੀ ਸੁਧਰੇਗਾ ਅਤੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਹੋਰ ਕਿਹਾ ਕਿ ਇਲਾਕਾ ਵਾਸੀਆਂ ਦੀ ਸਿਹਤ ਅਤੇ ਮਨੋਰੰਜਨ ਨੂੰ ਧਿਆਨ ਵਿੱਚ ਰੱਖਦਿਆਂ ਇੱਥੇ ਪਾਰਕ ਦਾ ਨਿਰਮਾਣ ਵੀ ਕੀਤਾ ਜਾਵੇਗਾ, ਜਿੱਥੇ ਲੋਕ ਸੈਰ ਕਰ ਸਕਣਗੇ। ਇਸ ਦੇ ਨਾਲ-ਨਾਲ ਵਾਤਾਵਰਣ ਨੂੰ ਸੁੰਦਰ ਬਣਾਉਣ ਲਈ ਵੱਡੇ ਪੱਧਰ 'ਤੇ ਰੁੱਖ ਲਗਾਏ ਜਾਣਗੇ। ਓਹਨਾ ਕਿਹਾ ਕਿਸਰਕਾਰ ਵੱਲੋਂ ਇਹ ਉਪਰਾਲੇ ਲੋਕ ਭਲਾਈ ਅਤੇ ਇਲਾਕੇ ਦੇ ਸਮੱਗਰ ਵਿਕਾਸ ਲਈ ਅਹਿਮ ਕਦਮ ਸਾਬਿਤ ਹੋਣਗੇ।

ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

## ਕਿੱਸਾ ਰੰਗੀਲ ਕਾਵਿ ਕਿਤਾ ਬਪੱਤੇ ਪੱਤੇ ਲਿਖੀ ਇਬਾਰਤ..ਨੂੰ ਲਿਖਣ ਤੇ ਛਾਪਣ ਦਾ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ




ਤੇਜ਼ ਰਫ਼ਤਾਰੀ ਨੇ ਸਾਡਾ ਸਹਿਜ ਖੋਹ ਲਿਆ ਹੈ। ਵਾਹੋਦਾਹੀ ਭੱਜਦੇ ਫਿਰਦੇ ਮਨ ਨੂੰ ਆਪਣੇ ਚਾਰ ਚੁਫ਼ੇਰੇ ਬਲਿਹਾਰੀ ਦੀ ਸਿਰਜੀ ਕਾਇਨਾਤ ਦੇ ਦਰਸ਼ਨ ਹੀ ਨਹੀਂ ਹੁੰਦੇ। ਰੰਗ ਬਰੰਗੇ ਨੋਟਾਂ ਦੀਆਂ ਵੰਨ ਸੁਵੰਨੀਆਂ ਤਿਤਲੀਆਂ ਫੜਦੇ, ਜ਼ਿੰਦਗੀ ਦੇ ਰੰਗ ਗੁਆਚ ਚੱਲੇ ਨੇ। ਚਿੰਤਾ ਵਿਚ ਮਨੁੱਖੀ ਵਜੂਦ ਮਰ ਮੁੱਕ ਰਹੇ ਨੇ। ਕਿੰਨਾ ਕੁਝ ਨਿਗੂਣਾ ਸਮਝ ਕੇ ਅਸੀਂ ਆਪਣੇ ਅੱਖ ਦੇ ਨੇੜਲਾ ਸੰਸਾਰ ਨਹੀਂ ਵੇਖਦੇ। ਘਰ ਬਗੀਚੀ ਵਿਚਲਾ ਵਣ ਤ੍ਰਿਣ ਹੀ ਨਿਹਾਰ ਲਈਏ ਤਾਂ ਤਰੇਲ ਤੁਪਕੇ, ਪੱਤ ਪਤਰਾਲ, ਫੁੱਲ ਫੁਲਾਕਾ ਤਣੇ, ਟਾਹਣੀਆਂ, ਜੜ੍ਹਾਂ, ਕਿਰੇ ਹੋਏ ਪੱਤੇ, ਝੜੇ ਹੋਏ ਫੁੱਲ ਤੁਹਾਨੂੰ ਆਵਾਜ਼ਾਂ ਮਾਰ ਕੇ ਕੋਲ ਖਲੋਣ ਲਈ ਬੁਲਾ ਰਹੇ ਮਹਿਸੂਸ ਹੋਣਗੇ। ਮਨ ਦੀ ਕਚਹਿਰੀ'ਚ ਜੇਕਰ ਕੁਝ ਪਲ ਵੀ ਖੜ੍ਹੇ ਹੋਈਏ ਤਾਂ ਸਾਨੂੰ ਇਹ ਵਿਸਮਾਦੀ ਬਲਿਹਾਰੀ ਵਣ ਤ੍ਰਿਣ ਉਦਾਸ ਨਹੀਂ ਹੋਣ ਦੇਣਗੇ, ਖੇੜਾ ਬਖਸ਼ਣਗੇ।

ਪ੍ਰਕਿਰਤੀ ਦਾ ਹਰ ਕਿਣਕਾ ਮਾਨਣ ਤੇ ਜਾਨਣ ਯੋਗ ਹੈ। ਤੀਸਰਾ ਨੇਤਰ ਇਸ ਨੂੰ ਸਹਿਜੇ ਹੀ ਪਛਾਣ ਤੇ ਮਾਣ ਸਕਦਾ ਹੈ ਪਰ ਤੀਸਰਾ ਨੇਤਰ ਖੋਲ੍ਹਣ ਲਈ ਸਹਿਜ, ਸੰਤੁਲਨ, ਸੁਜਾਗ ਤੇ ਸੁਹਜ ਦਾ ਸੁਮੇਲ ਜ਼ਰੂਰੀ ਹੈ।

ਪਿਛਲੇ ਸਮੇਂ ਦੌਰਾਨ ਕਾਦਰ ਦੀ ਕੁਦਰਤ ਦੇ ਕੁਝ ਕੁ ਪਲਾਂ ਨੂੰ ਆਪਣੇ ਆਈਫੋਨ ਦੇ ਕੈਮਰੇ ਨਾਲ ਮੇਰੇ ਕਲਾਵੰਤ ਮਿੱਤਰ ਸ. ਤੇਜ ਪ੍ਰਤਾਪ ਸਿੰਘ ਸੰਧੂ ਨੇ ਆਪਣੇ ਘਰ ਦੀ ਚਾਰਦੀਵਾਰੀ ਦੀ ਬਗੀਚੀ 'ਚੋਂ ਪ੍ਰਕਿਰਤੀ ਦੇ ਕੁਝ ਸੁੰਦਰ ਚਿੱਤਰ ਸਰੂਪਾਂ ਨੂੰ ਨਿਹਾਰਿਆ ਤੇ ਸੰਭਾਲਿਆ। ਸੂਰਜ ਦੀ ਰੌਸ਼ਨੀ ਕਿਵੇਂ ਕਿਵੇਂ, ਕਿਸ ਕਿਸ ਵੇਲੇ ਸਾਡੇ ਸਨਮੁਖ ਕਲੋਲ ਕਰਦੀ ਹੈ, ਇਸ ਨੂੰ ਸੰਭਾਲਣਾ ਵੀ ਕਲਾ ਦਾ ਧਰਮ ਹੈ।

ਮੇਰੀ ਪ੍ਰੀਖਿਆ ਇਹ ਸੀ ਕਿ ਇਨ੍ਹਾਂ ਚਿਤਰਾਂ ਨੂੰ ਮੈਂ ਵੀ ਵੇਖਾਂ, ਇਨ੍ਹਾਂ ਨਾਲ ਗੁਫ਼ਤਗੂ ਕਰਾਂ, ਪੱਤਿਆਂ ਦੀ ਪੱਤਰੀ ਪੜ੍ਹਾਂ, ਸੁਨੇਹੇ ਜਾਣਕੇ ਅੱਗੇ ਵਿਸਥਾਰ ਕਰਾਂ। ਸ਼ਬਦ ਸੀਮਾ ਵੀ ਮੈਂ ਆਪੇ ਮਿਥ ਲਈ। ਕੁੱਲ ਚਾਰ ਸਤਰਾਂ 'ਚ ਬ੍ਰਹਿਮੰਡ ਦੇ ਪਸਾਰੇ 'ਚੋਂ ਇਸ ਵਰਤਾਰੇ ਨੂੰ ਸਮਝਾਂ ਤੇ ਸਮਝਾਵਾਂ। ਇਹ ਸਾਰਾ ਕੁਝ ਗੁਰੂ ਨਾਨਕ ਉਪਦੇਸ਼ "ਬਲਿਹਾਰੀ ਕੁਦਰਤਿ ਵਸਿਆ" ਅਧੀਨ ਸ਼ਬਦ ਸਰੂਪ ਨਾਲ ਹੀ ਗੁਫ਼ਤਗੂ ਵਿੱਚ ਤਬਦੀਲ ਹੋ ਸਕਿਆ ਹੈ। ਮੇਰੀ ਪੋਤਰੀ ਅਸੀਸ ਦੇ 25 ਸਤੰਬਰ 2018 ਸਵੇਰ ਸਾਰ ਹੋਏ ਜਨਮ ਨਾਲ ਸ਼ੁਰੂ ਹੋਈ ਇਸ ਸਹਿਯਾਤਰਾ ਦਾ ਮੇਰੇ ਲਈ ਹੋਰ ਵੀ ਪਵਿੱਤਰ ਮਹਾਤਮ ਹੈ। ਇੰਜ ਲੱਗਦੈ ਜਿਵੇਂ ਉਸ ਦੇ ਸਾਥ ਨੇ ਮੈਨੂੰ ਨਿਰੰਤਰ ਤੋਰੀ ਰੱਖਿਆ ਹੈ।

ਤੇਜ ਪ੍ਰਤਾਪ ਸਿੰਘ ਸੰਧੂ ਤੇ ਮੇਰੀ ਇਹ ਵਾਰਤਾਲਾਪ ਇੱਕ ਸਾਲ ਚੱਲਦੀ ਰਹੀ, ਇਸ ਵਾਰਤਾਲਾਪ ਮੁਕਾਬਲੇ 'ਚ ਸਵਾਲ ਜਿੱਤ ਹਾਰ ਦਾ ਨਹੀਂ ਸੀ ਸਗੋਂ ਸਹਿਜ – ਸੁਭਾਈ ਸਹਿਯਾਤਰਾ ਦਾ ਸੀ। ਇਸ ਵਾਰਤਾਲਾਪ ਦੀਆਂ ਚਸ਼ਮਦੀਦ ਕੇਵਲ ਦੋ ਹੀ ਬੀਬੀਆਂ ਗਵਾਹ ਨੇ, ਸਾਡੀਆਂ ਜੀਵਨ ਸਾਥਣਾਂ ਸਤਬੀਰ ਕੌਰ ਸੰਧੂ ਤੇ ਜਸਵਿੰਦਰ ਕੌਰ ਗਿੱਲ ਹੀ ਹਨ। ਇਹ ਸਹਿਯਾਤਰਾ ਕਿੰਨੀ ਕੁ ਸਫਲ ਜਾਂ ਅਸਫ਼ਲ ਹੈ, ਇਸ ਦੀ ਪਰਖ ਹੁਣ ਤੁਹਾਡੇ ਹੱਥ ਹੈ।

2021 ਵਿੱਚ ਇਸਨੂੰ ਰਾਏਕੋਟ ਵਾਲੇ ਸ੍ਰ: ਸੰਤੋਖ ਸਿੰਘ ਗਰੇਵਾਲ ਦੇ ਸਪੁੱਤਰ ਸ: ਕਰਮਜੀਤ ਸਿੰਘ ਗਰੇਵਾਲ(ਸੱਰੀ) ਕੈਨੇਡਾ, ਸ: ਸੋਭਾ ਸਿੰਘ ਮੈਮੋਰੀਅਲ ਫਾਉਂਡੇਸ਼ਨ (ਰਜਿ:) ਸ੍ਰੀ ਹਰਗੋਬਿੰਦ ਪੁਰ ਦੇ ਪ੍ਰਧਾਨ ਸ: ਪਿਰਥੀਪਾਲ ਸਿੰਘ ਹੇਅਰ ਦੀ ਮਦਦ ਨਾਲ ਕੌਫੀ ਟੇਬਲ ਆਕਾਰ ਦੀ ਰੰਗੀਲ ਪੁਸਤਕ ਵਜੋਂ ਪ੍ਰਕਾਸ਼ਿਤ ਕੀਤਾ ਗਿਆ।

ਇਸ ਕਿਤਾਬ ਬਾਰੇ ਪੰਜਾਬੀ ਕਵੀ ਪ੍ਰੋ. ਰਵਿੰਦਰ ਸਿੰਘ ਭੱਠਲ ਜੀ ਦੀ ਲਿਖੀ ਮੁੱਲਵਾਨ ਟਿੱਪਣੀ ਵੀ ਤੁਹਾਡੇ ਧਿਆਨ ਗੋਚਰੇ ਪੇਸ਼ ਹੈ।

ਉਹ ਇਸ ਨੂੰ ਕ੍ਰਿਸ਼ਮੇ ਜਿਹੀ ਸਿਰਜਣਾ ਕਹਿ ਕੇ ਵਡਿਆਉਂਦੇ ਹਨ।

'ਪੱਤੇ ਪੱਤੇ ਲਿਖੀ ਇਬਾਰਤ' ਪੁਸਤਕ ਦੀਆਂ ਤਸਵੀਰਾਂ ਤੇ ਲਿਖਤ ਦੋਹਾਂ 'ਚੋਂ ਲੰਘਣ ਦੀ ਕੋਸ਼ਿਸ਼ ਕਰਦਾ ਹਾਂ । ਪਰ ਇਸ ਤੋਰ 'ਚ ਮੂਕ ਮਨ ਨਾਲ ਗੁਫ਼ਤਗੂ ਕਰਦਿਆਂ ਇਕ ਅਜੀਬ ਜਿਹੀ ਮਹਿਕ ਨੂੰ ਅੰਤਰ-ਆਤਮਾ ਵਿਚ ਵਸਾਉਣਾ ਪੈਂਦਾ ਹੈ । ਫਿਰ ਕਿਤੇ ਜਾ ਕੇ ਤੁਸੀਂ ਅਰਥਾਂ ਦੀ ਤਹਿ ਤੀਕ ਪਹੁੰਚ ਸਕਦੇ ਹੋ।

ਬ੍ਰਹਿਮੰਡ ਅਤੇ ਉਸਦੇ ਕਰਤੇ ਨੂੰ ਅਸੀਂ ਸਮੁੱਚ 'ਚ ਨਹੀਂ ਜਾਣ ਸਕਦੇ। ਕਾਦਰ ਦੀ ਕੁਦਰਤ ਦੇ ਕਤਰੇ ਕਤਰੇ, ਪੱਤੇ ਪੱਤੇ 'ਚੋਂ ਉਸਦੀ ਨੁਹਾਰ ਤੱਕਣੀ ਪੈਂਦੀ ਹੈ। ਇਹ ਕੰਮ ਹਾਰੀ-ਸਾਰੀ ਦੇ ਵੱਸ ਦਾ ਨਹੀਂ, 'ਪਰ ਤੇਜ ਪ੍ਰਤਾਪ ਸਿੰਘ ਸੰਧੂ ਦੀ ਤੀਸਰੀ ਅੱਖ (ਕੈਮਰੇ) ਅਤੇ ਕਲਮੇ ਵਾਲੀ ਉਂਗਲ ਦੀ ਗਹਿਰੀ ਸੋਚ ਨੇ ਕਰਕੇ ਵਿਖਾਇਆ ਹੈ।

ਬਿਰਖਾਂ ਬੂਟਿਆਂ ਦੇ ਫੁੱਲ-ਪੱਤੇ ਰੁੱਤਾਂ ਦੇ ਨਿੱਘ ਤੇ ਠਾਰ ਨੂੰ ਝੱਲਦੇ, ਧੁੱਪਾਂ ਸਹਿਣ ਕਰਕੇ, ਹਵਾਵਾਂ ਦੀ ਸ਼ਰਾਰਤਾਂ ਤੱਕਦੇ ਆਪਣਾ ਰੂਪ ਰੰਗ ਹੀ ਨਹੀਂ ਬਦਲਦੇ, ਹੋਂਦ ਤਕ ਖ਼ਤਮ ਕਰ ਲੈਂਦੇ ਹਨ । ਅਸਲ ਵਿਚ ਇਹ ਜੀਵਨ ਦੇ ਗੁੱਝੇ ਭੇਤ ਜ਼ਾਹਰ ਕਰਦੇ, ਅਰਥ ਸਮਝਾਉਂਦੇ ਨਜ਼ਰ ਆਉਂਦੇ ਹਨ। ਇਹੀ ਕ੍ਰਿਸ਼ਮਾ ਹੈ ਕੁਦਰਤ ਦਾ। ਇਹ ਪੱਤੇ ਹੀ ਨਹੀਂ, ਵੱਡੇ ਅਰਥਾਂ ਵਾਲੀ ਪੋਥੀ ਦੇ ਰਹੱਸੀ-ਰਮਜ਼ਾਂ ਨਾਲ ਭਰੇ ਸਫ਼ੇ ਹਨ ।

ਹਰ ਬਿਰਖ ਇਕ ਮਹਾਂ-ਕਾਵਿ ਹੈ। ਪਰ ਅਫ਼ਸੋਸ ਸਾਡੇ ਵਿੱਚੋਂ ਕਿਸੇ ਕਵੀ ਨੇ ਵੀ ਇਹ ਹਰਫ਼ ਨਹੀਂ ਪੜ੍ਹੇ। ਤੇਜ ਪ੍ਰਤਾਪ ਸਿੰਘ ਸੰਧੂ ਨੇ ਇਹ ਹਰਫ਼ ਪੜ੍ਹਨ ਦਾ ਉਪਰਾਲਾ ਕੀਤਾ ਤੇ ਗੁਰਭਜਨ ਗਿੱਲ ਦੀ ਲਿਖਤ ਨੇ ਉਸ ਪੜ੍ਹਤ ਨੂੰ ਅੱਖਰਾਂ ਵਿਚ ਢਾਲ ਕੇ ਇਬਾਰਤ ਵਿਚ ਬਦਲ ਦਿੱਤਾ। ਕਿਸੇ ਸ਼ਾਇਰ ਦਾ ਸ਼ੇਅਰ ਇਹੀ ਕਹਿ ਰਿਹਾ ਹੈ :

ਇਤਨੀ ਬੁਲੰਦ ਅਪਨੀ
ਨਿਗਾਹੋਂ ਕੋ ਕੀਜੀਏ,
ਕਤਰਾ ਭੀ ਆਪ ਦੇਖੋਂ ਤੋਂ
ਦਰਿਆ ਦਿਖਾਈ ਦੇ ।

ਇਹ ਕਿਤਾਬ ਪ੍ਰਿੰਟਵੈੱਲ ਅੰਮ੍ਰਿਤਸਰ ਤੋਂ ਛਪੀ ਹੈ। ਤੁਸੀਂ ਇਸਨੂੰ ਸਿੰਘ ਬਰਦਰਜ਼ ਸਿਟੀ ਸੈਂਟਰ ਅੰਮ੍ਰਿਤਸਰ ਜਾਂ ਕਿਸੇ ਵੀ ਪੁਸਤਕ ਵਿਕਰੇਤਾ ਤੋਂ ਇਲਾਵਾ ਐਮਾਜ਼ੋਨ ਤੋਂ ਖਰੀਦ ਕੇ ਪੜ੍ਹ ਸਕਦੇ ਹੋਂ।